Office of the
Deputy Magistrate, Sangrur
Telephone:+911672-234004 Email: dc.sgr@punjab.gov.in

ਦਫਤਰ
ਜ਼ਿਲ੍ਹਾਮੈਜਿਸਟਰੇਟ, ਸੰਗਰੂਰ
ਟੈਲੀਫੋਨ:+911672-234004 ਈਮੇਲ: dc.sgr@punjab.gov.in

(ਫੁਟਕਲ ਸ਼ਾਖਾ)

ਦਫਤਰੀਹੁਕਮ

ਨੰ: 84 /ਐਮ.ਏ. ਮਿਤੀ 31/03/2020

ਪੰਜਾਬ ਰਾਜ ਵਿੱਚ ਕੋਵਿਡ—19 (ਕਰੋਨਾ ਵਾਇਰਸ) ਦੇ ਫੈਲਾਅ ਨੂੰ ਰੋਕਣ ਲਈ ਨਿਮਨਹਸਤਾਖਰ ਵੱਲੋਂ ਹੁਕਮ ਨੰ: 54/ਐਮ.ਏ. ਮਿਤੀ 23.03.2020 ਰਾਹੀਂ ਅਗਲੇ ਹੁਕਮਾਂ ਤੱਕ ਜਿਲ੍ਹਾ ਸੰਗਰੂਰ ਵਿੱਚ ਕਰਫਿਊ ਲਗਾਇਆ ਗਿਆ ਹੈ। ਪਬਲਿਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਨਿਮਨਹਸਤਾਖਰ ਵੱਲੋਂ ਜ਼ਰੂਰੀ ਵਸਤਾਂ ਦੇ ਵੱਖ—ਵੱਖ ਸਪਲਾਇਰਾਂ ਨੂੰ ਛੋਟ ਦਿੰਦੇ ਹੋਏ, ਘਰ—ਘਰ ਸਪਲਾਈ ਕਰਨ ਲਈ ਇਜਾਜ਼ਤ ਦਿੱਤੀ ਗਈ ਹੈ। ਪ੍ਰੰਤੂ, ਇਹ ਵੇਖਣ ਵਿੱਚ ਆਇਆ ਹੈ ਕਿ ਕ੍ਰਫਿਊ ਤੋਂ ਛੋਟ ਵਾਲੇ ਅਜਿਹੇ ਸਟੋਰ/ਦੁਕਾਨਾਂ/ਬੈਂਕਾ ਅੱਗੇ ਭੀੜ ਲੱਗ ਜਾਂਦੀ ਹੈ। ਭੀੜ ਨਾਲ ਵਾਇਰਸ ਦੇ ਫੈਲਣ ਦਾ ਖਤਰਾ ਵਧਦਾ ਹੈ ਅਤੇ ਆਮ ਜਨਤਾ ਦੀ ਸਿਹਤ ਸੰਕਟ ਵਿੱਚ ਪੈਂਦੀ ਹੈ।

ਇਸ ਲਈ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਸਮੂਹ ਸਟੋਰ/ਦੁਕਾਨ ਮਾਲਕ/ਬੈਂਕਾਂ ਆਪਣੇ ਸਟੋਰਾਂ/ਦੁਕਾਨਾਂ ਬਾਹਰ/ਬੈਂਕਾ ਦੇ ਵਿਅਕਤੀਆਂ ਵਿਚਕਾਰ ਅੱਗੇ ਘੱਟੋ—ਘੱਟ ਦੂਰੀ ਨਿਸ਼ਚਿਤ ਬਣਾਉਣ ਹਿੱਤ ਇੱਕ—ਇੱਕ ਮੀਟਰ ਦੇ ਦਾਇਰੇ ਮਾਰਕ ਕਰੇਗਾ ਅਤੇ ਭੀੜ ਇਕੱਠੀ ਨਹੀਂ ਹੋਣ ਦੇਵੇਗਾ। ਹੁਕਮਾਂ ਦੀ ਉਲੰਘਣਾ ਕਰਨ ਖਿਲਾਫ਼ ਲੋੜੀਂਦੀ ਫੌਜਦਾਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਜੁਰਮਾਨਾ ਕੀਤਾ ਜਾਵੇਗਾ।

ਆਮ ਪਬਲਿਕ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਦਫ਼ਤਰ ਵੱਲੋਂ ਘਰ—ਘਰ ਡਲਿਵਰੀ ਲਈ ਕੇਵਲ ਸਪਲਾਇਰਾਂ ਨੂੰ ਛੋਟ ਦਿੱਤੀ ਗਈ ਹੈ, ਇਸ ਲਈ ਆਪਣੇ ਘਰਾਂ ਅੰਦਰ ਰਹਿ ਕੇ ਆਪਣੀ ਅਤੇ ਸਮਾਜ ਦੀ ਸਿਹਤ ਸੁਰੱਖਿਆ ਯਕੀਨੀ ਬਣਾਉਣ ਵਿੱਚ ਪ੍ਰਸ਼ਾਸ਼ਨ ਦਾ ਸਹਿਯੋਗ ਕੀਤਾ ਜਾਵੇ ਅਤੇ ਘਰੋਂ ਬਾਹਰ ਨਾ ਨਿਕਲਿਆ ਜਾਵੇ।

ਜ਼ਿਲ੍ਹਾ ਮੈਜਿਸਟਰੇਟ,
ਸੰਗਰੂਰ।

ਪਿੰ:ਅੰ:ਨੰ: 5242-65/ਐਮ.ਏ ਮਿਤੀ 31/03/2020

ਇਸ ਦਾ ਉਤਾਰਾ:-

1) ਸੀਨੀਅਰ ਕਪਤਾਨ ਪੁਲਿਸ, ਸੰਗਰੂਰ
2) ਵਧੀਕ ਜ਼ਿਲ੍ਹਾ ਮੈਜਿਸਟਰੇਟ, ਸੰਗਰੂਰ
3) ਸਮੂਹ ਉਪ ਮੰਡਲ ਮੈਜਿਸਟਰੇਟਸ, ਜਿਲ੍ਹਾ ਸੰਗਰੂਰ
4) ਜ਼ਿਲ੍ਹਾ ਲੋਕ ਸੰਪਰਕ ਅਫਸਰ, ਸੰਗਰੂਰ
5) ਸਿਵਲ ਸਰਜਨ, ਸੰਗਰੂਰ
6) ਜ਼ਿਲ੍ਹਾ ਮਾਲ ਅਫਸਰ, ਸੰਗਰੂਰ
7) ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਸੰਗਰੂਰ
8) ਜਿਲ੍ਹਾ ਫੂਡ ਤੇ ਸਪਲਾਈਜ ਅਫ਼ਸਰ, ਸੰਗਰੂਰ
9) ਲੀਡ ਬੈਂਕ ਮੈਨੇਜਰ, ਸੰਗਰੂਰ
10) ਜਿਲਾ ਮੰਡੀ ਅਫਸਰ, ਸੰਗਰੂਰ
11) ਡਰੱਗ ਇੰਨਸਪੈਕਟਰ
11) ਪੀ.ਏ ਟੂ ਡੀ.ਸੀ./ਸਟੈਨੋ ਟੂ ਏ.ਡੀ.ਸੀ./ਏ.ਸੀ.(ਜ)/ਏ.ਸੀ.(ਸ਼ਿਕਾਇਤਾਂ)

ਪਾਸ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਜ਼ਿਲ੍ਹਾ ਮੈਜਿਸਟਰੇਟ,
ਸੰਗਰੂਰ।

Scanned with CamScanner